
# ਪੰਜਾਬੀ ਰੰਗਮੰਚ ਤੇ ਬਾਲ ਨਾਟਕ 'ਲਾਲ ਜੀ'

ਪੰਜਾਬੀ ਟ੍ਰਿਬਿਊਨ, ਐਤਵਾਰ, 16 ਜੂਨ, 1991 (III)



## ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

ਇਹ ਸਾਲ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਉਤਸਵ ਦਾ ਸਾਲ ਹੈ। ਗੁਰੂ ਸਾਹਿਬ ਦੇ ਸਮਾਜਿਕ ਫਲਸਫੇ ਬਾਰੇ ਸਾਡਾ ਨਾਟਕ 'ਜਿਨ ਸਚਿ ਪਲੈ ਹੋਇ', ਜਿਸ ਨੂੰ ਪ੍ਰੋ. ਗੁਰਦਿਆਲ ਸਿੰਘ ਫੁੱਲ ਹੋਰਾਂ ਲਿਖਿਆ ਹੈ, ਪੰਜਾਬ ਵਿਚ ਖਾਸ ਚਰਚਾ ਦਾ ਕੇਂਦਰ ਬਣਿਆ ਹੈ। ਇਸੇ ਸਾਲ ਸਾਡੀ ਇਕ ਹੋਰ ਵਿਸ਼ੇਸ਼ ਪ੍ਰਾਪਤੀ ਬਾਲ ਨਾਟਕ 'ਲਾਲ ਜੀ' ਹੈ, ਜਿਸ ਨੂੰ ਸਾਡੇ ਬਾਲ ਕਲਾਕਾਰਾਂ ਨੇ ਪਹਿਲੇ ਓਪਨ ਥੀਏਟਰ ਸਟੇਜ ਗਾਂਧੀ ਗਰਾਊਂਡ ਵਿਚ ਖੇਡਿਆ ਤੇ ਫੇਰ ਪ੍ਰੀਤ ਮਿਲਣੀ 'ਤੇ ਅੰਮ੍ਰਿਤਸਰ ਸ਼ਹਿਰ ਵਿਚ ਖੇਡਿਆ ਹੈ। ਇਸ ਨਾਟਕ ਨੇ ਦਰਸ਼ਕਾਂ ਵਲੋਂ ਭਰਪੂਰ ਸ਼ਲਾਘਾ ਜਿੱਤੀ ਹੈ ਜਿਸ ਦਾ ਮੁੱਖ ਕਾਰਨ ਨਾਟਕ ਦਾ ਵਿਸ਼ਾ ਅਤੇ ਬੱਚਿਆਂ ਦੀ ਭੋਲੀ-ਭਾਲੀ ਅਭਿਨੈ ਕਲਾ ਹੈ।

ਪਰਦਾ ਉਠਨ 'ਤੇ ਇਕ ਬੁੱਢਾ ਬੁੱਢੀ ਆਪਣੀ ਝੌਂਪੜੀ ਦੇ ਬਾਹਰ ਉਦਾਸ ਬੈਠੇ ਹਨ। ਉਨ੍ਹਾਂ ਦੇ ਘਰ ਕੋਈ ਬੱਚਾ ਨਹੀਂ ਤੇ ਇਸੇ ਲਈ ਕੋਈ ਰੌਣਕ ਨਹੀਂ। ਬੁੱਢੀ ਦਰਿਆ 'ਤੇ ਕੱਪੜੇ ਧੋਣ ਜਾਂਦੀ ਹੈ ਤਾਂ ਦਰਿਆ ਵਿਚ ਤਰਦੇ ਹੋਏ ਇਕ ਹਦਵਾਣੇ ਵਿਚੋਂ ਉਹਨੂੰ ਬੱਚੇ ਦੀ ਰੋਣ ਦੀ ਆਵਾਜ਼ ਆਉਂਦੀ ਹੈ। ਬੁੱਢੀ ਖੁਸ਼ੀ ਖੁਸ਼ੀ ਇਸ ਬੱਚੇ ਨੂੰ ਹਦਵਾਣੇ ਵਿਚੋਂ ਚੁੱਕਦੀ ਹੈ ਤੇ ਘਰ ਲੈ ਆਉਂਦੀ ਹੈ। ਬੁੱਢਾ-ਬੁੱਢੀ ਉਹਦੇ ਨਾਂ ਬਾਰੇ ਸੋਚ ਵਿਚਾਰ ਕਰਦੇ ਹਨ ਤੇ ਫੇਰ ਸਹਿਮਤੀ ਨਾਲ ਉਹਦਾ ਨਾਂ 'ਲਾਲ ਜੀ' ਰੱਖਦੇ ਹਨ, ਕਿਉਂਕਿ ਹਦਵਾਣਾ ਵਿਚੋਂ ਲਾਲ ਹੈ।

ਲਾਲ ਜੀ ਜਦੋਂ ਵੱਡਾ ਹੁੰਦਾ ਹੈ ਤਾਂ ਉਹ ਮਾਪਿਆਂ ਦਾ ਬੜਾ ਆਗਿਆਕਾਰ ਅਤੇ ਬਹਾਦਰ ਜਵਾਨ ਨਿਕਲਦਾ ਹੈ। ਹਰ ਇਕ ਦੁਖੀਏ ਦੀ ਸਹਾਇਤਾ ਕਰਨਾ ਉਹ ਆਪਣਾ ਫਰਜ਼ ਸਮਝਦਾ ਹੈ। ਇਕ ਦਿਨ ਉਹ ਸੜਕ 'ਤੇ ਜਾ ਰਿਹਾ ਹੁੰਦਾ ਹੈ ਤਾਂ ਉਸ ਨੂੰ ਇਕ ਬੁੱਢੀ ਦੀ ਰੋਣ ਦੀ ਆਵਾਜ਼ ਆਉਂਦੀ ਹੈ। ਪੁੱਛਣ 'ਤੇ ਪਤਾ ਲਗਦਾ ਹੈ ਕਿ ਉਹ 'ਮਨੁੱਖਤਾ ਮਾਂ' ਹੈ ਤੇ ਉਹਦਾ ਪੁੱਤਰ 'ਪਿਆਰ' ਭ੍ਰਿਸ਼ਟਾਚਾਰ ਦਾ ਝੂਠਾ ਦਿਓ ਚੁੱਕ ਕੇ ਲੈ ਗਿਆ ਹੈ। ਲਾਲ ਜੀ ਉਹਦੇ ਨਾਲ ਵਾਇਦਾ ਕਰਦਾ ਹੈ ਕਿ ਉਹ ਉਹਦੇ ਪੁੱਤਰ ਨੂੰ ਛੁਡਵਾ ਕੇ ਲਿਆਏਗਾ।

ਲਾਲ ਜੀ ਆਪਣੇ ਮਾਤਾ ਪਿਤਾ ਕੋਲੋਂ ਆਗਿਆ ਲੈ ਕੇ ਭ੍ਰਿਸ਼ਟਾਚਾਰ ਦੇ ਦਿਓ ਨੂੰ ਮਾਰਨ ਨਿਕਲਦਾ ਹੈ। ਚੱਲਿਆ ਤਾਂ ਉਹ ਇਕੱਲਾ ਸੀ ਇਕ ਕੁੱਤਾ ਬਊਂ ਬਊਂ, ਇਕ ਬਾਂਦਰ ਟੱਪੂ ਟੱਪੂ, ਇਕ ਚਿੜੀ ਚੀਂ ਚੀਂ, ਇਕ ਬਿੱਲੀ ਮਿਆਊਂ ਮਿਆਊਂ, ਇਕ ਕਾਂ ਕਾਂ ਕਾਂ। ਲਾਲ ਜੀ ਸਾਰਿਆਂ ਨੂੰ ਨਾਲ ਲੈ ਲੈਂਦਾ ਹੈ, ਕਿਉਂਕਿ ਉਹਨੂੰ ਪਤਾ ਹੈ ਕਿ 'ਸਾਰੇ ਨਿੱਕੇ ਜਦ ਰਲਣਗੇ ਤਦੇ ਹੀ ਭੈੜੇ ਦਿਓ ਮਰਨਗੇ'। ਲੰਮੇ ਸਫਰ ਵਿਚ ਉਹ ਕਈ ਵਾਰ ਥੱਕ ਕੇ ਬੈਠ ਜਾਂਦੇ ਹਨ। ਆਪਣੀ ਆਪਣੀ ਬੋਲੀ ਵਿਚ ਗੱਲਾਂ ਕਰਦੇ ਹਨ। ਜਿੰਨੀਂ ਰੋਟੀ ਲਾਲ ਜੀ ਕੋਲ ਹੈ, ਵੰਡ ਕੇ ਖਾਂਦੇ ਹਨ। ਸਫਰ ਦੇ ਦਰਮਿਆਨ ਉਹ ਪੱਕੇ ਦੋਸਤ ਬਣ ਜਾਂਦੇ ਹਨ। ਲਾਲ ਜੀ ਉਨ੍ਹਾਂ ਨੂੰ ਇਕ ਜਰਨੈਲ ਵਾਂਗ ਭੈੜੇ ਦਿਓ ਨਾਲ ਲੜਨ ਦੀ ਸਾਰੀ ਵਿਉਂਤ ਸਮਝਾਉਂਦਾ ਹੈ।

ਵੱਡਾ ਸਾਰਾ ਦਿਓ ਉਨ੍ਹਾਂ ਨੂੰ ਆਪਣੇ ਕਿਲੇ ਦੇ ਬਾਹਰ ਮਿਲਦਾ ਹੈ।

- ਕੌਣ ਹੋ ਤੁਸੀਂ ?
- ਮੈਂ ਲਾਲ ਜੀ।
- ਮੈਂ ਬਊਂ ਬਊਂ।
- ਮੈਂ ਟੱਪੂ ਟੱਪੂ।
- ਮੈਂ ਕਾਂ ਕਾਂ।
- ਮੈਂ ਚੀਂ ਚੀਂ।
- ਕੀ ਲੈਣ ਆਏ ਹੋ ?
- ਮਨੁੱਖਤਾ ਮਾਂ ਦਾ ਪੁੱਤਰ ਪਿਆਰਾ।
- ਹਾ ਹਾ ਉਹ ਤਾਂ ਮੇਰਾ ਬੰਦੀ ਹੈ।
- ਤੂੰ ਉਹਨੂੰ ਛੱਡ ਦੇ।
- ਮੈਂ ਨਹੀਂ ਛੱਡਦਾ, ਨੱਸ ਜਾਓ ਇੱਥੋਂ।
- ਅਸੀਂ ਨਹੀਂ ਜਾਣਾ
- ਮੈਨੂੰ ਪਤਾ ਏ, ਤੁਹਾਡੀ ਔਕਾਤ, ਇਹ ਲਓ ਪੈਸੇ।
- ਅਸੀਂ ਤੇਰੇ ਪੈਸੇ ਤੇ ਥੁੱਕਦੇ ਹਾਂ - ਥੂ ਥੂ।
- ਚਲੇ ਜਾਓ ਇੱਥੋਂ ਵੱਡੇ ਲਾਟੀਕੀਨ, ਪਿਆਰ ਦੇ ਲਗਦੇ ਚਾਚੇ।

ਪਰ ਉਹ ਜਾਂਦੇ ਨਹੀਂ ਤੇ ਇਕ ਜੰਗ ਛਿੜਦੀ ਹੈ ਜਿਸ ਵਿਚ ਸਾਰੇ ਨਿੱਕੇ ਲਾਲ ਜੀ ਦੀ ਮੱਦਦ ਕਰਦੇ ਹਨ। ਬਊ ਬਊਂ ਉਹਦੀ ਲੱਤ ਫੜਦਾ ਹੈ। ਚੀਂ ਚੀਂ ਉਹਦੀਆਂ ਅੱਖਾਂ ਵਿਚ ਠੂੰਗੇ ਮਾਰਦੀ ਹੈ। ਟੱਪੂ ਟੱਪੂ ਉਛਲਕੇ ਪਿੱਛੋਂ ਉਹਦੀ ਧੌਣ ਫੜ ਲੈਂਦਾ ਹੈ। ਮਿਆਊਂ ਮਿਆਊਂ ਉਹਨੂੰ ਨਹੁੰਦਰਾਂ ਮਾਰਦੀ ਹੈ। ਕਾਂ ਕਾਂ ਉਹਦੇ ਸਿਰ 'ਤੇ ਠੂੰਗੇ ਮਾਰਦਾ ਹੈ, ਲਾਲ ਜੀ ਤਲਵਾਰ ਨਾਲ ਵਾਰ ਕਰਦਾ ਹੈ। ਭ੍ਰਿਸ਼ਟਾਚਾਰ ਦਾ ਦਿਓ ਭਾਵੇਂ ਬੜਾ ਤਾਕਤਵਰ ਹੈ ਪਰ ਉਨ੍ਹਾਂ ਦੇ ਰਲਵੇਂ ਵਾਰ ਨਹੀਂ ਸਹਿ ਸਕਦਾ ਤੇ ਅਖੀਰ ਇਨ੍ਹਾਂ ਦੇ ਹੱਥੋਂ ਮਾਰਿਆ ਜਾਂਦਾ ਹੈ। ਉਸ ਦੇ ਮਰਨ ਦੇ ਬਾਅਦ ਸਾਰੇ ਉਹਦੀ ਲਾਸ਼ ਦੇ ਦੁਆਲੇ ਨਾਚ ਕਰਦੇ ਹਨ, ਤੇ 'ਜਾਗੋ ਆਈ' ਦੀ ਤਰਜ਼ 'ਤੇ ਗੀਤ ਗਾਉਂਦੇ ਹਨ।

'ਆਹਾ ਜੀ ਹੁਣ ਦਿਓ ਮਰਿਆ, ਭੈੜਾ ਦਿਓ ਬਈ, ਕੋਝਾ ਦਿਓ, ਆਹਾ ਜੀ ਦਿਓ ਮਰਿਆ'

ਦਿਓ ਦੀ ਚੁੰਗਲ ਵਿਚੋਂ ਉਹ ਮਨੁੱਖਤਾ ਮਾਂ ਤੇ ਭੋਲੇ ਅਤੇ ਸੋਹਣੇ ਪੁੱਤਰ 'ਪਿਆਰ' ਨੂੰ ਛੁਡਵਾ ਕੇ ਖੁਸ਼ੀ ਖੁਸ਼ੀ ਕਾਫਲੇ ਦੀ ਸ਼ਕਲ ਵਿਚ ਘਰ ਵੱਲ ਤੁਰਦੇ ਹਨ ਤੇ ਨਾਟਕ ਖਤਮ ਹੁੰਦਾ ਹੈ।

ਬੱਚਿਆਂ ਨੇ ਜਾਨਵਰਾਂ ਦੇ ਮਖੌਟੇ ਪਾ ਕੇ ਜਿਸ ਖੂਬਸੂਰਤੀ ਨਾਲ ਅਭਿਨੈ ਕੀਤਾ, ਉਹ ਦਰਸ਼ਕ ਨੂੰ ਕਿਸੇ ਸੁਪਨ ਦੇਸ਼ ਵਿਚ ਲੈ ਗਿਆ। ਭਾਵੇਂ ਉਸ ਸੁਪਨ ਦੇਸ਼ ਵਿਚ ਜ਼ਿੰਦਗੀ ਦਾ ਯਥਾਰਥ ਸੀ, ਜ਼ਿੰਦਗੀ ਦੀ ਸਚਾਈ ਸੀ।

ਇਸ ਬਾਲ ਨਾਟਕ ਵਿਚ ਮੇਰੀਆਂ ਦੋਵੇਂ ਬੇਟੀਆਂ ਅਤੇ ਉਨ੍ਹਾਂ ਦੀਆਂ ਸਹੇਲੀਆ ਨੇ ਕੰਮ ਕੀਤਾ ਅਤੇ ਆਪਣਾ ਇਕ ਨਿੱਕਾ ਨਾਟਕ ਗਰੁੱਪ ਵੀ ਬਣਾ ਲਿਆ। ਜਿਨ੍ਹਾਂ ਨੇ ਫੇਰ ਮੁਹੱਲੇ ਵਿਚ ਹੋਰ ਨਾਟਕ ਵੀ ਕੀਤੇ। ਬਾਲ ਨਾਟਕ ਦੀ ਇਸ ਸਫਲਤਾ ਨੇ ਸਾਡੇ ਕੇਂਦਰ ਨੂੰ ਇਕ ਨਵੇਂ ਖੇਤਰ ਵਿਚ ਤਜਰਬੇ ਕਰਨ ਲਈ ਪ੍ਰੇਰਿਆ ਹੈ। ਮੇਰਾ ਪੱਕਾ ਯਕੀਨ ਹੈ ਕਿ ਸਾਡੇ ਸਕੂਲਾਂ ਵਿਚ ਜੇਕਰ ਬਾਲ ਨਾਟਕਾਂ ਦੀ ਪ੍ਰੰਪਰਾ ਬਣ ਜਾਏ ਤਾਂ ਪੰਜਾਬੀ ਨਾਟਕ ਦੀਆਂ ਜੜ੍ਹਾਂ ਨੂੰ ਪਕੇਰਾ ਕੀਤਾ ਜਾ ਸਕਦਾ